# ਪ੍ਰਧਾਨ ਮੰਤਰੀ ਦੇ ਅਰੁਣਾਚਲ ਪ੍ਰਦੇਸ਼ ਦੇ ਦੌਰੇ 'ਤੇ, ਚੀਨ ਦੇ ਵਿਦੇਸ਼ ਮੰਤਰਾਲੇ (ਐਮ.ਐਫ.ਏ.) ਦੇ ਬੁਲਾਰੇ ਦੁਆਰਾ ਕੀਤੀਆਂ ਗਈਆਂ ਟਿੱਪਣੀਆਂ ਸੰਬੰਧੀ ਮੀਡੀਆ ਦੇ ਸਵਾਲਾਂ ਦਾ ਸਰਕਾਰੀ ਬੁਲਾਰੇ ਵਲੋਂ ਜਵਾਬ

ਮਾਰਚ 12, 2024

**ਪ੍ਰਧਾਨ ਮੰਤਰੀ ਦੇ ਅਰੁਣਾਚਲ ਪ੍ਰਦੇਸ਼ ਦੇ ਦੌਰੇ 'ਤੇ, ਚੀਨ ਦੇ ਵਿਦੇਸ਼ ਮੰਤਰਾਲੇ (ਐਮ.ਐਫ.ਏ.) ਦੇ ਬੁਲਾਰੇ ਦੁਆਰਾ ਕੀਤੀਆਂ ਗਈਆਂ  ਟਿੱਪਣੀਆਂ ਦੇ ਸੰਬੰਧ ਵਿੱਚ ਮੀਡੀਆ ਦੇ ਸਵਾਲਾਂ ਦੇ ਜਵਾਬ ਦਿੰਦਿਆਂ, ਸਰਕਾਰੀ ਬੁਲਾਰੇ, ਸ਼੍ਰੀ ਰਣਧੀਰ ਜੈਸਵਾਲ ਜੀ ਨੇ ਕਿਹਾ:**

"ਅਸੀਂ ਪ੍ਰਧਾਨ ਮੰਤਰੀ ਦੇ ਅਰੁਣਾਚਲ ਪ੍ਰਦੇਸ਼ ਦੇ ਦੌਰੇ ਦੇ ਸੰਬੰਧ ਵਿੱਚ ਚੀਨੀ ਪੱਖ ਦੁਆਰਾ ਕੀਤੀਆਂ ਗਈਆਂ ਟਿੱਪਣੀਆਂ ਨੂੰ ਨਾਮਨਜ਼ੂਰ ਕਰਦੇ ਹਾਂ। ਭਾਰਤੀ ਨੇਤਾ ਜਿਵੇਂ ਕਿ ਭਾਰਤ ਦੇ ਦੂਜੇ ਰਾਜਾਂ ਦਾ ਦੌਰਾ ਕਰਦੇ ਹਨ ਇਸੇ ਤਰਾਹ ਸਮੇਂ-ਸਮੇਂ 'ਤੇ ਉਹ ਅਰੁਣਾਚਲ ਪ੍ਰਦੇਸ਼ ਦਾ ਵੀ ਦੌਰਾ ਕਰਦੇ ਰਹਿੰਦੇ ਹਨ। ਅਜਿਹੇ ਦੌਰਿਆਂ ਜਾਂ ਭਾਰਤ ਦੇ ਵਿਕਾਸ ਪ੍ਰੋਜੈਕਟਾਂ 'ਤੇ ਇਤਰਾਜ਼ ਕਰਨਾ ਕੋਈ ਤਰਕ ਵਾਲੀ ਗੱਲ ਨਹੀਂ ਰੱਖਦਾ। ਇਸ ਤੋਂ ਅੱਗੇ, ਇਹ ਅਸਲੀਅਤ ਨੂੰ ਨਹੀਂ ਬਦਲੇਗਾ ਕਿ ਅਰੁਣਾਚਲ ਪ੍ਰਦੇਸ਼ ਰਾਜ ਭਾਰਤ ਦਾ ਅਨਿੱਖੜਵਾਂ ਅਤੇ ਅਟੁੱਟ ਹਿੱਸਾ ਸੀ, ਹੈ, ਅਤੇ ਰਹੇਗਾ। ਚੀਨੀ ਪੱਖ ਨੂੰ ਕਈ ਮੌਕਿਆਂ 'ਤੇ ਇਸ ਇਕਸਾਰ ਸਥਿਤੀ ਤੋਂ ਜਾਣੂ ਕਰਵਾਇਆ ਗਿਆ ਹੈ।"

**ਨਵੀਂ ਦਿਲੀ**
**ਮਾਰਚ 12, 2024**